# ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ), ਪੰਜਾਬ
# ਪੰਜਾਬ ਆਈ.ਸੀ.ਟੀ. ਐਜੂਕੇਸ਼ਨ ਸੁਸਾਇਟੀ (ਪਿਕਟਸ)

ਪੰ.ਸ.ਸਿੱ.ਬੋ. ਕੰਪਲੈਕਸ, ਈ ਬਲਾਕ, ਪੰਜਵੀਂ ਮੰਜਿਲ, ਫੈਸ 8, ਸਅਸ ਨਗਰ (ਫੋਨ:0172-5212311)

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ)
ਸਮੂਹ ਸਕੂਲ ਮੁਖੀ (ਵੈੱਬ ਸਾਈਟ ਰਾਹੀਂ)

ਪੱਤਰ ਨੰ. 2/5-ICT-2019/Misc./353121
ਮਿਤੀ 15.10.19

ਵਿਸ਼ਾ: **Online Computer Quiz ਕਰਵਾਉਣ ਸਬੰਧੀ।**

1 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਰਾਜ ਦੇ ਸਰਕਾਰੀ ਸਕੂਲਾਂ ਵਿੱਚ ਪੜਦੇ 9ਵੀਂ ਅਤੇ 10ਵੀਂ ਕਲਾਸ ਦੇ ਵਿਦਿਆਰਥੀਆਂ ਦਾ ICT ਅਧੀਨ ਆਨ-ਲਾਈਨ ਕੰਪਿਊਟਰ ਕੁਇਜ਼ ਸਾਫਟਵੇਅਰ ਰਾਹੀਂ ਕਰਵਾਇਆ ਜਾ ਰਿਹਾ ਹੈ। ਆਨ-ਲਾਈਨ ਕੰਪਿਊਟਰ ਕੁਇਜ਼ ਸਕੂਲ ਪੱਧਰ, ਬਲਾਕ ਪੱਧਰ ਅਤੇ ਜਿਲਾ ਪੱਧਰ ਤੇ ਕਰਵਾਏ ਜਾਣੇ ਹਨ। ਬਲਾਕ ਪੱਧਰ ਅਤੇ ਜਿਲ੍ਹਾ ਪੱਧਰ ਤੇ ਕੰਪਿਊਟਰ ਕੁਇਜ਼ ਲਈ Questionnaire ਮੁੱਖ ਦਫਤਰ ਵੱਲੋਂ ਸਾਫਟਵੇਅਰ ਵਿੱਚ ਆਨ-ਲਾਈਨ ਮੁਹੱਈਆ ਕਰਵਾਈ ਜਾਵੇਗੀ। ਸੋ ਇਹ ਮੁਕਾਬਲੇ ਹੇਠ ਲਿਖੀਆਂ ਤਾਰੀਖਾਂ ਅਨੁਸਾਰ ਕਰਵਾਏ ਜਾਣ:

- ਸਕੂਲ ਪੱਧਰ ਤੇ – 02.11.19
- ਬਲਾਕ ਪੱਧਰ ਤੇ – 07.11.19 ਸਵੇਰੇ 11:00 ਵਜੇ
- ਜਿਲ੍ਹਾ ਪੱਧਰ ਤੇ – 16.11.19 ਸਵੇਰੇ 11:00 ਵਜੇ

2 ਸਕੂਲ ਪੱਧਰ ਤੇ ਕਰਵਾਏ ਮੁਕਾਬਲਿਆ ਵਿੱਚੋਂ ਹਰੇਕ ਕਲਾਸ/ਸਕੂਲ ਦੇ ਦੋ ਜੇਤੂ ਵਿਦਿਆਰਥੀਆਂ ਨੂੰ ਬਲਾਕ ਪੱਧਰ ਲਈ ਚੁਣਿਆ ਜਾਵੇਗਾ। ਇਸੇ ਤਰ੍ਹਾਂ ਬਲਾਕ ਪੱਧਰ ਤੇ ਕਰਵਾਏ ਮੁਕਾਬਲਿਆ ਵਿਚੋਂ ਹਰੇਕ ਕਲਾਸ ਵਿਚ ਪਹਿਲੀਆਂ ਦੋ ਪੁਜ਼ੀਸ਼ਨਾਂ ਤੇ ਆਏ ਵਿਦਿਆਰਥੀਆਂ ਨੂੰ ਜਿਲ੍ਹਾ ਪੱਧਰ ਲਈ ਚੁਣਿਆ ਜਾਵੇਗਾ। ਬਲਾਕ ਪੱਧਰ ਤੇ ਕੰਪਿਊਟਰ ਕੁਇਜ਼ ਕਰਵਾਉਣ ਲਈ ਸਕੂਲ ਦੀ ਚੋਣ ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ) ਵੱਲੋਂ ਕੀਤੀ ਜਾਵੇਗੀ। ਸਕੂਲ ਪੱਧਰ ਤੇ ਸਾਫਟਵੇਅਰ ਰਾਹੀਂ ਕੰਪਿਊਟਰ ਕੁਇਜ਼ ਕਰਵਾਉਣ ਲਈ ਜਰੂਰੀ ਹਦਾਇਤਾ ਅਤੇ ਸਾਫਟਵੇਅਰ ਵਿਭਾਗ ਦੀ ਵੈੱਬ ਸਾਈਟ ਤੋਂ ਡਾਊਂਨਲੋਡ ਕਰ ਲਏ ਜਾਣ।

3 ਇਸੇ ਤਰ੍ਹਾਂ ਬਲਾਕ ਪੱਧਰ ਤੇ ਕੰਪਿਊਟਰ ਕੁਇਜ਼ ਲਈ ਸਾਫਟਵੇਅਰ ਵਿਭਾਗ ਦੀ ਵੈੱਬ ਸਾਈਟ ਤੋਂ ਦੋਬਾਰਾ ਡਾਊਂਨਲੋਡ ਕੀਤਾ ਜਾਣਾ ਹੈ, ਜਿਸ ਦਾ ਲਿੰਕ ਵਿਭਾਗ ਦੀ ਵੈੱਬ ਸਾਈਟ ਤੇ ਦਿੱਤਾ ਜਾਵੇਗਾ। ਬਲਾਕ ਪੱਧਰ ਤੇ ਕੰਪਿਊਟਰ ਕੁਇਜ਼ ਮਿਤੀ 07.11.19 ਨੂੰ ਸਵੇਰੇ 11:00 ਵਜੇ ਸ਼ੁਰੂ ਕੀਤਾ ਜਾਵੇਗਾ, ਜਿਸ ਲਈ Questionnaire ਮੁੱਖ ਦਫਤਰ ਵੱਲੋਂ ਸਾਫਟਵੇਅਰ ਵਿੱਚ ਇੰਟਰਨੈੱਟ ਰਾਹੀਂ 10 ਮਿੰਟ ਪਹਿਲਾਂ ਉਪਲਬਧ ਕਰਵਾਇਆ ਜਾਵੇਗਾ।

4 ਵਿਦਿਆਰਥੀਆਂ ਦੇ ਉਤਸ਼ਾਹ ਅਤੇ ਮਨੋਬਲ ਨੂੰ ਪ੍ਰਫੁਲਿਤ ਕਰਨ ਲਈ ਜਿਲ੍ਹਾ ਪੱਧਰ ਦੇ ਆਨ-ਲਾਈਨ ਕੰਪਿਊਟਰ ਕੁਇਜ਼ ਵਿੱਚ ਕਲਾਸ 9ਵੀਂ ਅਤੇ 10ਵੀਂ ਵਿਚੋਂ ਹਰੇਕ ਕਲਾਸ ਵਿੱਚ ਪਹਿਲੀਆਂ ਤਿੰਨ ਪੁਜਿਸ਼ਨਾਂ ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਕ੍ਰਮਵਾਰ 1000/-ਰੁ., ਦੂਸਰੇ ਸਥਾਨ ਤੇ ਆਉਣ ਵਾਲੇ ਵਿਦਿਆਰਥੀ ਨੂੰ 700/-ਰੁ. ਅਤੇ ਤੀਸਰੇ ਸਥਾਨ ਤੇ ਆਉਣ ਵਾਲੇ ਵਿਦਿਆਰਥੀ ਨੂੰ 500/-ਰੁ. ਨਕਦ ਪ੍ਰਾਈਜ਼ ਦਿੱਤੇ ਜਾਣਗੇ। ਇਸ ਤੋਂ ਇਲਾਵਾ 50/-ਰੁ. per participant ਰਿਫ੍ਰੈਸ਼ਮੇਂਟ ਦਿੱਤੀ ਜਾਵੇਗੀ। ਇਹ ਰਾਸ਼ੀ ਜਿਲ੍ਹਾ ਪੱਧਰ ਤੇ contigency ਗ੍ਰਾਂਟ ਵਿੱਚੋਂ ਖਰਚ ਕੀਤੀ ਜਾਵੇ।

5 ਆਨ-ਲਾਈਨ ਕੰਪਿਊਟਰ ਕੁਇਜ਼ ਲਈ ਸਾਫਟਵੇਅਰ ਸਬੰਧੀ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਤੇ ਸੰਪਰਕ ਕੀਤਾ ਜਾ ਸਕਦਾ ਹੈ:

- ਸ਼੍ਰੀ ਸਲੀਮ ਮੁਹੰਮਦ - 9878260937
- ਸ਼੍ਰੀ ਅਮਰਦੀਪ ਸਿੰਘ - 9781700235

**ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ)**
**ਪੰਜਾਬ**
**ਮਿਤੀ:15.10.19**

ਪਿੰ.ਅੰ.ਨੰ. ਉਕਤ

ਉਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ/ਅਗਲੇਰੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ:-

1. ਡਿਪਟੀ ਮੈਨੇਜਰ (ਐਮ.ਆਈ.ਐਸ.)
2. ਪ੍ਰੋਜੈਕਟ ਕੁਆਰਡੀਨੇਟਰਜ਼ (ਸਰਕਲ)
3. ਸ਼੍ਰੀ ਸਲੀਮ ਮੁਹੰਮਦ ਅਤੇ ਸ਼੍ਰੀ ਅਮਰਦੀਪ ਸਿੰਘ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਕੰਪਿਊਟਰ ਕੁਇਜ਼ ਵਾਲੇ ਦਿਨ ਸਾਫਟਵੇਅਰ ਸੰਬਧੀ ਜਾਣਕਾਰੀ ਦੇਣ ਲਈ ਫੋਨ ਤੇ ਉਪਲਬਧ ਰਹਿਣਗੇ।

**ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ)**
**ਪੰਜਾਬ**